ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ ਖੋਜਨਾਮਾ

ISSN: 2584-0509



# ਮੈਂ ਇਕ ਦਿਨ ਫੇਰ ਆਉਣਾ ਹੈ!



ਨਿੰਦਰ ਘੁਗਿਆਣਵੀ

+91 94174-21700

11 ਮਈ 2024 ਦੀ ਸਵੇਰ ਹੈ। ਚਾਹ ਹਾਲੇ ਪੀਣੀ ਹੈ। ਆਦਤ ਅਨੁਸਾਰ ਪਹਿਲਾਂ ਵਟਸ ਐਪ ਕਿਉਂ ਨਾ ਦੇਖ ਲਵਾਂ। ਕਈ ਵਾਰ ਬਹੁਤ ਜਰੂਰੀ ਸੁਨੇਹਾ ਹੀ ਕਿਧਰੋਂ ਆਇਆ ਪਿਆ ਹੁੰਦੈ। ਰਾਤੀਂ ਫੋਨ ਖਾਮੋਸ਼ੀ ਦੀ ਸਵਿੱਚ ਉਤੇ ਹੁੰਦਾ ਏ। ਪਤਾ ਨਹੀ ਲਗਦਾ। ਇਸੇ ਕਰਕੇ ਸਵੇਰੇ ਵਟਸ ਐਪ ਮੈਸਿਜ ਜਾਂ ਮਿਸ ਹੋਈਆਂ ਕਾਲਾਂ ਦੇਖਦਾ ਹਾਂ। ਸੱਚੀਓਂ! ਬਲਜੀਤ ਬੱਲੀ ਦਾ ਮਨਹੂਸ ਮੈਸਿਜ। ਸਿਰਲੇਖ ਉਤੇ ਹੀ ਅੱਖਾਂ ਗੱਡ ਹੋ ਗਈਆਂ। ਹਾਏ, ਪਾਤਰ ਸਾਹਿਬ, ਤੁਸੀਂ ਚਲੇ ਗਏ? ਬਿਨਾਂ ਮਿਲੇ? ਬਿਨਾਂ ਦੱਸੇ? ਅਥਰੂ ਵਹਿ ਤੁਰੇ।

ਪੰਜਾਬੀ ਕਵਿਤਾ ਦੇ ਵਿਹੜੇ ਉਸ ਦਿਨ ਸੱਥਰ ਵਿਛ ਗਿਆ। ਡਾਹਢਾ ਸੋਗ ਪਸਰ ਗਿਆ। ਲੋਕ ਫੋਨੋ ਫੋਨੀਂ ਤੇ ਸੁਨੇਹਿਓਂ ਸੁਨੇਹੀ ਹੋਣ ਲੱਗੇ। ਪਾਤਰ ਜੀ ਇੰਝ ਚਲੇ ਜਾਣਗੇ, ਸੱਚ ਨਹੀ ਆ ਰਿਹਾ ਸੀ। ਸਮੁੱਚੇ ਪੰਜਾਬ ਦੇ ਨਾਲ-ਨਾਲ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬੇਹੱਦ ਉਦਾਸ ਹੋਇਆ ਦੇਖਿਆ ਅਰਥੀ ਨੂੰ ਮੋਢਾ ਦਿੰਦਿਆਂ। ਆਪ ਚਿਖਾ ਚਿਣਵਾਉਂਦਾ ਹੈ। ਮਨ ਭਰਦਾ ਹੈ। ਅੱਖਾਂ ਪੂੰਝਦਾ ਹੈ। ਦੇਸ਼ ਦੇਸ਼ਾਂਤਰ ਵਿਚ ਵੀ ਸ਼ੋਕ ਸਭਾਵਾਂ ਹਾਲੇ ਵੀ ਜਾਰੀ ਹਨ। ਸਭ ਨੂੰ ਦਿਲੋਂ ਸੋਗ ਪਿਆ। ਮੈਂ ਉਨਾਂ ਨੂੰ ਆਖਣਾ, "ਸਰ, ਮੈਂ ਆਪ ਨਾਲ ਆਰਟਸ ਕੌਂਸਲ ਵਿਚ ਬਿਤਾਏ ਪੰਜ ਸਾਲਾਂ ਬਾਰੇ ਲਿਖ ਰਿਹਾ ਹਾਂ ਤੇ ਨਾਂ ਰੱਖਿਆ ਏ- ਪੰਜ ਸਾਲ ਪਾਤਰ ਨਾਲ, ਸਰ ਖੂਬਸੂਰਤ ਲਿਖਣ ਦਾ ਯਤਨ ਕਰਾਂਗਾ।"

ਪਾਤਰ ਸਾਹਿਬ ਹੱਸ ਪਏ, " ਯਾਰ, ਕਿਤੇ ਓਹ ਜੱਜ ਦਾ ਅਰਦਲੀ ਵਾਂਗ ਨਾ ਲਿਖ ਦੇਵੀਂ।"

ਮੈਂ ਸ਼ਰਮਾਕੇ ਆਖਿਆ, " ਸਰ, ਆਪ ਨੇ ਏਹ ਕਿਵੇਂ ਸੋਚ ਲਿਆ? ਆਪ ਓਸ ਵਿਗੜੇ ਹੋਏ ਜੱਜ ਜੈਸੇ ਨਹੀ ਹੋ।"

ਇਹ ਪੁਸਤਕ ਹੁਣ ਪ੍ਰੈਸ ਵਿਚ ਹੈ, ਕੈਲੀਬਰ ਪ੍ਰਕਾਸ਼ਨ ਪਟਿਆਲਾ ਛਾਪ ਰਿਹੈ। ਪਾਤਰ ਜੀ ਨਾਲ ਬਿਤਾਏ ਪਲ ਤੇ ਪੰਜ ਸਾਲ ਦੇ ਦਿਲਚਸਪ ਵੇਰਵੇ ਹਨ ਏਸ ਕਿਤਾਬ ਵਿਚ।

ਪੰਜਾਬ ਸਰਕਾਰ ਦੀ ਆਰਟਸ ਕੌਂਸਲ ਚੰਡੀਗੜ੍ਹ ਦੇ ਮੌਜੂਦਾ ਚੇਅਰਮੈਨ ਵੀ ਸਨ ਡਾ ਪਾਤਰ। ਸਭ ਜਾਣਦੇ ਨੇ ਕਿ ਡਾ ਪਾਤਰ ਲੰਬਾ ਸਮਾਂ ਖੇਤੀਬਾੜੀ ਯੂਨੀਵਰਸਿਟੀ ਵਿੱਚ ਅਧਿਆਪਕ ਰਹੇ ਹਨ। ਬਹੁਤ ਵੱਡਾ ਨਾਂ ਸੀ ਵਿਸ਼ਵ ਭਰ ਵਿਚ ਡਾ ਪਾਤਰ ਦਾ। ਉਹ ਪੰਜਾਬੀ ਸ਼ਾਇਰੀ ਨੂੰ ਬੜੀ ਦੂਰ ਤੀਕ ਲੈਕੇ ਗਏ। ਲਗਪਗ ਸਭਨਾਂ ਭਾਰਤੀ ਭਾਸ਼ਾਵਾਂ ਵਿਚ ਉਨਾਂ ਦੀਆਂ ਕਵਿਤਾਵਾਂ ਦਾ ਅਨੁਵਾਦ ਹੋਇਆ। ਲੋਕਾਂ ਦੇ ਮਨਾਂ ਅੰਦਰ ਵੱਸੇ ਹੋਏ ਸ਼ਾਇਰ

ਸਨ। ਜਲੰਧਰ ਜ਼ਿਲ੍ਹੇ ਦਾ ਪਿੰਡ ਪੱਤੜ ਕਲਾਂ ਦਾ ਪਾਤਰ ਲੁਧਿਆਣੇ ਦਾ ਰਾਜਾ ਸੀ। ਪੱਤੜ ਕਲਾਂ ਚਾਹੇ ਉਨਾਂ ਦਾ ਜੱਦੀ ਪਿੰਡ ਸੀ। ਪਾਤਰ ਜੀ ਦੀਆਂ ਸਾਰੀਆਂ ਕਿਤਾਬਾਂ ਹੀ ਮਕਬੂਲ ਹੋਈਆਂ। ਕਵਿਤਾ ਦੇ ਨਾਲ-ਨਾਲ ਗੀਤ ਵੀ ਲਿਖੇ ਤੇ ਹੰਸ ਰਾਜ ਹੰਸ ਜਿਹੇ ਫਨਕਾਰ ਸਮੇਤ ਹੋਰਨਾਂ ਕਈਆਂ ਨੇ ਉਨਾਂ ਦੇ ਗੀਤ ਗਾਏ। ਭਾਰਤੀ ਸਾਹਿਤ ਅਕਾਦਮੀ ਐਵਾਰਡ ਵੀ ਮਿਲਿਆ ਤੇ ਭਾਰਤ ਸਰਕਾਰ ਵਲੋਂ "ਪਦਮ ਸ਼੍ਰੀ" ਨਾਲ ਵੀ ਨਿਵਾਜਿਆ ਗਿਆ ਸੀ ਉਨਾਂ ਨੂੰ।

ਮੇਰੀ ਉਨਾਂ ਨਾਲ ਪਹਿਲੀ ਮੁਲਾਕਾਤ 1994 ਵਿਚ ਹੋਈ, ਲਗਾਤਾਰ ਤੀਹ ਸਾਲ ਦਾ ਅਰਸਾ ਸਾਹਿਤਕ ਸਾਂਝ ਬਣੀ ਰਹੀ। ਪੰਜ ਸਾਲ ਤੋਂ ਵਧ ਸਮਾਂ ਉਨਾਂ ਨਾਲ ਪੰਜਾਬ ਆਰਟਸ ਕੌਂਸਲ ਵਿਚ ਬਤੌਰ ਮੀਡੀਆ ਅਧਿਕਾਰੀ ਵਜੋਂ ਕੰਮ ਕੀਤਾ। ਉਹ ਕਵੀ ਤਾਂ ਕਮਾਲ ਦੇ ਸਨ ਹੀ ਪਰ ਇਕ ਨੇਕ ਇਨਸਾਨ ਦੇ ਤੌਰ ਉਤੇ ਵੀ ਕੋਈ ਘਾਟ ਨਹੀਂ ਸੀ ਉਨਾਂ ਵਿਚ। ਬਹੁਤ ਘੱਟ ਵੇਲੇ ਅਜਿਹੇ ਆਏ, ਜਦ ਉਨਾਂ ਨੂੰ ਗੁੱਸੇ ਵਿਚ ਵੇਖਿਆ। ਸਾਊ ਸੁਭਾਓ ਵਾਲੇ ਪਾਤਰ ਜੀ ਸ਼ਾਂਤ ਚਿਤ ਰਹਿਕੇ ਲਗਾਤਾਰ ਸਾਹਿਤ ਸਿਰਜਣਾ ਕਰਦੇ ਰਹਿੰਦੇ ਸਨ। ਖਾਣਾ ਹਿਸਾਬ ਸਿਰ ਤੇ ਬਹੁਤ ਘੱਟ ਖਾਂਦੇ ਸਨ। ਉਹ ਅਕਸਰ ਹੀ ਸਫਰ ਵਿਚ ਰਹਿੰਦੇ। ਦੇਰ ਪਹਿਲਾਂ ਸਟੰਟ ਵੀ ਪਏ ਸਨ ਤੇ ਬਾਈਪਾਸ ਸਰਜਰੀ ਵੀ ਹੋਈ ਸੀ। ਅੱਜ ਕੱਲ੍ਹ ਉਨਾਂ ਦਾ ਸਰੀਰ ਕਮਜ਼ੋਰ ਪੈਣ ਲੱਗ ਪਿਆ ਸੀ। ਉਨਾਂ ਦੇ ਘਰ ਦੇ ਅਤੇ ਡਾਕਟਰ ਉਨਾਂ ਨੂੰ ਆਰਾਮ ਕਰਨ ਨੂੰ ਆਖਦੇ ਰਹੇ। ਪਰ ਉਹ ਟਿਕੇ ਨਹੀਂ। ਆਪਣੇ ਦਿਹਾਂਤ ਤੋਂ ਇਕ ਦਿਨ ਪਹਿਲਾਂ ਹੀ ਬਰਨਾਲਾ ਵਿਖੇ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਕਰਕੇ ਆਏ ਤੇ ਜਗਰਾਓਂ ਇਕ ਰਾਤ ਦੀ ਮਹਿਫਲ ਵਿਚ ਬੈਠ ਗਏ। ਇਹ ਮਹਿਫਲ ਕੈਨੇਡਾ ਤੋਂ ਰੇਡੀਓ ਟੀਵੀ ਬਰਾਡਕਾਸਟਰ ਹਰਜਿੰਦਰ ਥਿੰਦ ਦੇ ਮਾਣ ਵਿਚ ਜੁੜੀ ਸੀ। ਉਥੇ ਸਦੀਕ ਤੇ ਸੰਦੀਲਾ ਵੀ ਬੈਠੇ ਰਹੇ। ਗੀਤ ਕਵਿਤਾਵਾਂ ਚੱਲੀਆਂ ਤੇ ਪੈਗ ਪਿਆਲਾ ਵੀ। ਭੋਰਾ ਕੁ ਰੋਟੀ ਖਾ ਕੇ ਪਾਤਰ ਜੀ ਘਰ ਆਣ ਸੁੱਤੇ। ਮੁੜ ਕਦੀ ਨਾ ਉਠੇ।

ਡਾ. ਸੁਰਜੀਤ ਪਾਤਰ ਦੀ ਕਵਿਤਾ ਸਮੇਂ ਦਾ ਸੱਚ ਪੇਸ਼ ਕਰਦੀ ਸੀ ਤੇ ਉਹ ਡੂੰਘੀ ਟਕੋਰ ਵੀ ਸਮਾਜ ਦੇ ਵੱਖ ਵੱਖ ਭੈੜ ਭਰੇ ਵਰਤਾਰਿਆਂ ਉਤੇ ਕਰਦੇ ਰਹੇ। ਉਨਾਂ ਵਿਚ ਵੱਡਾ ਗੁਣ ਇਹ ਵੀ ਸੀ ਕਿ ਉਹ ਹਰ ਨਵੇਂ ਲੇਖਕ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਵੀ ਕਰਦੇ ਸਨ ਤੇ ਇਓਂ ਉਨਾਂ ਨੇ ਅਣਗਿਣਤ ਨਵੀਨ ਲੇਖਕਾਂ ਦੀਆਂ ਕਿਤਾਬਾਂ ਦੀਆਂ ਭੂਮਿਕਾਵਾਂ ਲਿਖ ਕੇ ਉਨਾਂ ਨੂੰ ਹੌਸਲਾ ਤੇ ਵਡਿਆਈ ਦਿੱਤੀ। ਡਾ. ਪਾਤਰ ਬਹੁਤ ਸਾਰੇ ਮੁਲਕਾਂ ਵਿਚ ਗਏ ਤੇ ਮਾਂ ਬੋਲੀ ਦੇ

ਪ੍ਰਚਾਰ ਤੇ ਪ੍ਰਸਾਰ ਵਿਚ ਯੋਗਦਾਨ ਦਿੰਦੇ ਰਹੇ। ਡਾ ਪਾਤਰ ਬਹੁਤ ਸਾਰੇ ਮੁਲਕਾਂ ਵਿਚ ਗਏ ਤੇ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਯੋਗਦਾਨ ਦਿੰਦੇ ਰਹੇ। 2014 ਵਿਚ ਅਸੀਂ ਟੋਰਾਂਟੋ ਇਕੱਠੇ ਹੋਏ। 'ਪੰਜਾਬ ਦੀ ਗੂੰਜ' ਵਾਲੇ ਕੁਲਦੀਪ ਦੀਪਕ ਨੇ ਆਪਣੇ ਘਰ ਖ਼ੂਬਸੂਰਤ ਮਹਿਫਲ ਸਜਾਈ। ਇਕਬਾਲ ਰਾਮੂਵਾਲੀਆ ਤੇ ਉਨਾਂ ਦੀ ਪਤਨੀ ਸੁਖਸਾਗਰ ਕੌਰ ਵੀ ਆਏ। ਮੈਂ ਵੀ ਉਨਾਂ ਦੇ ਨਾਲ ਆਇਆ। ਸਾਨੂੰ ਨਹੀ ਸੀ ਪਤਾ ਕਿ ਅੱਗੇ ਪਾਤਰ ਜੀ ਬੈਠੇ ਹਨ। ਬੂਹਾ ਖੋਲਦਿਆਂ ਦੀਪਕ ਜੀ ਨੇ ਕਿਹਾ ਕਿ ਆਓ, ਦੇਖੋ ਅਹੁ ਕੌਣ ਬੈਠੇ ਨੇ? ਅੱਗੇ ਪਾਤਰ ਜੀ ਸਨ। ਅਸੀਂ ਕਿਹਾ ਕਿ ਦੱਸਿਆ ਕਿਓਂ ਨਹੀ? ਦੀਪਕ ਜੀ ਬੋਲੇ ਕਿ ਸਰਪ੍ਰਾਈਜ਼ ਦੇਣਾ ਸੀ ਤੁਹਾਨੂੰ।

ਡਾ. ਪਾਤਰ ਦੇ ਪਰਿਵਾਰ ਦੀ ਗੱਲ ਕਰੀਏ ਤਾਂ ਉਨਾਂ ਦੀ ਪਤਨੀ ਭੁਪਿੰਦਰ ਕੌਰ ਹਨ ਤੇ ਦੋ ਬੇਟੇ ਹਨ, ਅੰਕੁਰ ਪਾਤਰ ਵੱਡਾ ਬੇਟਾ ਆਸਟ੍ਰੇਲੀਆ ਵਿਚ ਰਹਿ ਰਿਹਾ ਹੈ ਤੇ ਛੋਟਾ ਮਨਰਾਜ ਸਿੰਘ ਅਧਿਆਪਕ ਹੈ ਤੇ ਗਾਇਕ ਵੀ ਵਧੀਆ ਹੈ। ਡਾ. ਪਾਤਰ ਨੇ ਆਪਣੇ ਸਾਰੇ ਪਰਿਵਾਰ ਨੂੰ ਕਲਾ ਤੇ ਸਾਹਿਤ ਨਾਲ ਨੇੜਿਉਂ ਜੋੜ ਕੇ ਰੱਖਿਆ ਸੀ। ਸਮੇਂ-ਸਮੇਂ ਦੀਆਂ ਸਰਕਾਰਾਂ ਡਾ. ਪਾਤਰ ਪਾਸੋਂ ਸਾਹਿਤ ਤੇ ਸਭਿਆਚਾਰ ਬਾਰੇ ਸਲਾਹਾਂ ਵੀ ਲੈਂਦੀਆਂ ਰਹੀਆਂ। ਹਰ ਸਿਆਸੀ ਪਾਰਟੀ ਦਾ ਛੋਟਾ ਵੱਡਾ ਨੇਤਾ ਉਨਾਂ ਦੀ ਦਿਲੋਂ ਕਦਰ ਕਰਦਾ ਸੀ। ਉਹ ਤਰੰਨਮ ਵਿਚ ਆਪਣੀ ਸ਼ਾਇਰੀ ਪੇਸ਼ ਕਰਕੇ ਪੰਡਾਲ ਵਿਚ ਬੈਠੇ ਅਣਗਿਣਤ ਸਰੋਤਿਆਂ ਨੂੰ ਮੋਹ ਲੈਂਦੇ ਸਨ। ਵੱਡੀਆਂ ਵੱਡੀਆਂ ਸਾਹਿਤਕ ਮਹਿਫਲਾਂ, ਕਾਨਫਰੰਸਾਂ ਤੇ ਸੈਮੀਨਾਰਾਂ ਦਾ ਸ਼ਿੰਗਾਰ ਪਾਤਰ ਕਿਸੇ ਅਜਨਬੀ ਨੂੰ ਵੀ ਓਪਰਾ ਨਹੀ ਸੀ ਲਗਦਾ। ਹਮੇਸ਼ਾ ਨੀਵੀਂ ਸੁਰ ਵਿੱਚ ਤਹੰਮਲ ਨਾਲ ਗੱਲ ਕਰਦੇ ਸਨ। ਇਕ ਵਾਰ ਸਾਨੂੰ ਇਕੱਠਿਆਂ ਨੂੰ ਕੁਰੂਕਸ਼ੇਤਰ ਵਿਖੇ ਇਕ ਸਾਹਿਤਕ ਤੇ ਸਭਿਆਚਾਰਕ ਮੇਲੇ ਉਤੇ ਬੁਲਾ ਲਿਆ। ਉਸੇ ਦਿਨ ਫਿਰੋਜ਼ਪੁਰ ਗੁਰਤੇਜ ਕੁਹਾਰ ਵਾਲਾ ਨੇ ਸਮਾਗਮ ਰੱਖ ਲਿਆ। ਉਨਾਂ ਨੇ ਪਾਤਰ ਜੀ ਦਾ ਚੰਗਾ ਚੋਖਾ ਮਾਨ ਸਨਮਾਨ ਕਰਨਾ ਸੀ। ਇਧਰ ਕੁਰੂਕਸ਼ੇਤਰ ਵਾਲੇ ਮਗਰ ਪਏ ਹੋਏ ਸਨ। ਮੈਨੂੰ ਵਾਰ-ਵਾਰ ਕਹਿ ਰਹੇ ਸਨ ਕਿ ਪਾਤਰ ਜੀ ਹਰ ਹਾਲਤ ਵਿਚ ਆਉਣ। ਸੋ, ਪਾਤਰ ਜੀ ਫਿਰੋਜ਼ਪੁਰੀਆਂ ਨੂੰ ਨਾਂਹ ਕਰਕੇ ਕੁਰੂਕੁਸ਼ੇਤਰੀਆਂ ਵੱਲ ਤੁਰੇ ਆਏ ਤੇ ਮੇਲਾ ਲੁੱਟ ਕੇ ਜਾਣ ਲੱਗੇ। ਪ੍ਰਬੰਧਕ ਕਾਰ ਤੀਕ ਛੱਡਣ ਆਏ। ਫੋਟੋਆਂ ਖਿਚਵਾਈ ਗਏ। ਨਾ ਕੋਈ ਲਿਫਾਫਾ, ਨਾ ਕਾਰ ਦੇ ਮੱਚੇ ਤੇਲ ਤੇ ਕਾਰ ਦੇ ਪੁਰਜਿਆਂ ਦੀ ਘਸਾਈ ਦਾ ਹੀ ਕੁਝ ਦਿੱਤਾ। ਪਾਤਰ ਜੀ ਚਲੇ ਗਏ ਲੋਈ ਤੇ ਫੁੱਲਾਂ ਦਾ ਹਾਰ ਲੈਕੇ। ਤੀਸਰੇ ਦਿਨ ਕਿਸੇ ਸਮਾਗਮ ਵਿਚ ਦਿੱਲੀ ਗਏ ਤੇ ਉਥੋਂ ਇਕਵੰਜਾ ਹਜ਼ਾਰ ਮਿਲ

ਗਿਆ। ਫੋਨ ਕਰਕੇ ਹੱਸਦੇ ਹੋਏ ਦੱਸਦੇ ਹਨ, "ਪਿਆਰੇ ਨਿੰਦਰ, ਕੁਰੂਕਸ਼ੇਤਰ ਵਾਲਾ ਘਾਟਾ ਦਿੱਲੀ ਵਾਲਿਆਂ ਪੂਰਾ ਕਰ ਦਿੱਤਾ।"

ਗੁਰੂ ਨਾਨਕ ਦੇਵ ਜੀ ਦੀ ਸਾਢੇ ਪੰਜ ਸੌ ਸਾਲਾ ਸ਼ਤਾਬਦੀ ਆਈ। ਪੰਜਾਬ ਸਰਕਾਰ ਦੀ ਆਰਟਸ ਕੌਂਸਲ ਚੰਡੀਗੜ੍ਹ ਜਿੰਮੇ ਵੀ ਕਾਫੀ ਸਮਾਗਮ ਆਏ, ਜੋ ਪੂਰਾ ਸਾਲ ਚੱਲੇ। ਪਾਤਰ ਜੀ ਨੇ ਕਮਾਲ ਦੇ ਸਮਾਗਮ ਕਰਵਾਏ। ਗੁਰੂ ਨਾਨਕ ਜੀ ਬਾਰੇ ਹੀ ਪਾਤਰ ਜੀ ਨੇ ਪੀਐਚ. ਡੀ. ਕਰ ਰੱਖੀ ਸੀ ਤੇ ਬਾਬੇ ਦੇ ਫਲਸਫੇ ਨੂੰ ਧੁਰ ਅੰਦਰ ਤੀਕ ਮਹਿਸੂਸ ਕਰਦੇ ਸਨ। ਫਿਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਦਿਨ ਪੰਜਾਬ ਸਰਕਾਰ ਨੇ ਮਨਾਏ ਤੇ ਆਰਟਸ ਕੌਂਸਲ ਵਿਖੇ ਸਮਾਗਮ ਕਰਵਾਏ ਤੇ ਕਰੋਨਾ ਸੰਕਟ ਹੋਣ ਕਾਰਨ ਆਨ ਲਾਈਨ ਪ੍ਰੋਗਰਾਮ ਵੀ ਹੋਏ। ਪਾਤਰ ਜੀ ਇਕੱਲੇ ਨਹੀਂ ਸਨ, ਉਹ ਤਾਂ ਇਕ ਨਹੀ, ਸਗੋਂ ਕਈ ਕਈ ਸੰਸਥਾਵਾਂ ਦਾ ਰੂਪ ਸਨ।

ਪਾਤਰ ਜੀ ਨੂੰ ਜਿਥੇ ਮਣਾਂ ਮੂੰਹੀ ਮੋਹ ਮਿਲਿਆ ਦੁਨੀਆਂ ਭਰ ਵਿਚੋਂ ਉਥੇ ਈਰਖਾ ਤੇ ਸਾੜਾ ਕਰਨ ਵਾਲਿਆਂ ਦੀ ਵੀ ਕੋਈ ਘਾਟ ਨਾ ਰਹੀ। ਜਦ ਪਾਤਰ ਜੀ ਦੇ ਸਾਹਮਣੇ ਹੁੰਦੇ, ਤਾਂ ਉਦੋਂ ਖੂਬ ਖੁਸ਼ਾਮਦ ਕਰਦੇ, ਪਿੱਠ ਪਿੱਛੇ ਬੁਰਿਆਈਆਂ ਕਰਦੇ ਨਾ ਥੱਕਦੇ। ਪਾਤਰ ਜੀ ਇਸ ਗੱਲ ਨੂੰ ਭਲੀ ਪ੍ਰਕਾਰ ਸਮਝਦੇ ਸਨ ਪਰ ਸਿਰਫ ਮੁਸਕਰਾ ਛਡਦੇ ਸਨ। ਕਿਸੇ ਦੀ ਤਲਖ ਟਿਪਣੀ ਦਾ ਜੁਆਬ ਈ ਨਹੀ ਸੀ ਦਿੰਦੇ।

ਡਾ ਸੁਰਜੀਤ ਪਾਤਰ ਦਾ ਵਿਛੋੜਾ ਹਰ ਪਾਠਕ, ਸਮੂਹ ਕਲਮਕਾਰਾਂ ਤੇ ਕਲਾਕਾਰਾਂ ਨੂੰ ਬੇਹੱਦ ਉਦਾਸ ਕਰ ਗਿਆ ਹੈ। ਲਗਦਾ ਹੈ ਕਿ ਉਹ ਕਿਤੇ ਨਹੀਂ ਗਏ, ਹੁਣੇ ਸਾਡੇ ਕੋਲ ਵਾਪਸ ਆ ਜਾਣਗੇ। ਕਦੇ ਉਨਾਂ ਲਿਖਿਆ ਸੀ:

ਇੱਕ ਦਿਨ ਫੇਰ ਆਉਣਾ ਹੈ
ਓ ਖੁਸ਼ਦਿਲ ਸੋਹਣੀਓਂ ਰੂਹੋ,
ਰੁਮਝੁਮ ਰੁਮਕਦੇ ਖੂਹੋ,
ਮੇਰੇ ਪਿੰਡ ਦੀਓ ਜੂਹੋ,
ਤੁਸੀਂ ਹਰਗਿਜ਼ ਨਾ ਕੁਮਲਾਇਉ,
ਮੈਂ ਇੱਕ ਦਿਨ ਫੇਰ ਆਉਣਾ ਹੈ
ਨੀ ਕਿੱਕਰੋ ਟਾਹਲੀਉ ਡੇਕੋ,
ਨੀ ਨਿੰਮੋ, ਸਾਫ਼ ਦਿਲ ਨੇਕੋ,

'ਤੇ ਪਿੱਪਲੋ, ਬਾਬਿਉ ਵੇਖੋ,
ਤੁਸੀਂ ਧੋਖਾ ਨਾ ਦੇ ਜਾਇਉ,
ਮੈਂ ਛਾਵੇਂ ਬਹਿਣ ਆਉਣਾ ਹੈ
ਮੈਂ ਇੱਕ ਦਿਨ ਫੇਰ ਆਉਣਾ ਹੈ
ਜੋ ਚੱਕ ਘੁੰਮੇ ਘੁਮਾਰਾਂ ਦਾ,
ਤਪੇ ਲੋਹਾ ਲੁਹਾਰਾਂ ਦਾ,
ਮੇਰਾ ਸੰਦੇਸ਼ ਪਿਆਰਾਂ ਦਾ,
ਉਹਨਾਂ ਤੀਕਰ ਵੀ ਪਹੁੰਚਾਇਉ,
ਮੈਂ ਇੱਕ ਦਿਨ ਫੇਰ ਆਉਣਾ ਹੈ